بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 28.02.2020

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਸਹਾਬੀ ਹਜ਼ਰਤ ਮੁਸਅਬ ਬਿਨ ਉਮੈਰ ਰਜ਼ੀ ਅਲੱਾਹ ਅਨਹੁ ਦੇ ਸਦਗੁਣਾ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 28 ਫ਼ਰਵਰੀ 2020 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ, ਟਿਲਫ਼ੋਰਡ (ਬਰਤਾਨੀਆ) ਵਿੱਚ ਦਿਤੱਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਜਿਸ ਸਹਾਬੀ ਦਾ ਜ਼ਿਕਰ ਹੋਵੇਗਾ ਉਹਨਾ ਦਾ ਨਾਂ ਹਜ਼ਰਤ ਮੁਸਅਬ ਬਿਨ ਉਮੈਰ ਹੈ । ਹਜ਼ਰਤ ਮੁਸਅਬ ਬਿਨ ਉਮੈਰ ਦਾ ਸੰਬੰਧ ਕੁਰੈਸ਼ ਦੇ ਕਬੀਲੇ ਬਨੂ ਅਬਦੁਦੱਾਰ ਨਾਲ ਸੀ । ਹਜ਼ਰਤ ਮੁਸਅਬ ਬਿਨ ਉਮੈਰ ਦੀ ਮਾਤਾ ਮੱਕੇ ਦੀ ਧੰਨਵਾਨ ਇਸਤਰੀ ਸਨ । ਹਜ਼ਰਤ ਮੁਸਅਬ ਬਿਨ ਉਮੈਰ ਦੇ ਮਾਤਾ ਪਿਤਾ ਇਹਨਾ ਨਾਲ ਬਹੁਤ ਪ੍ਰੇਮ ਕਰਦੇ ਸਨ । ਹਜ਼ਰਤ ਮੁਸਅਬ ਬਿਨ ਓਮੈਰ ਦੀ ਮਾਤਾ ਨੇ ਇਹਨਾ ਦੀ ਪਾਲਣਾ ਅਤਿਅੰਤ ਨਾਜ਼ ਨਖ਼ਰਿਆਂ ਨਾਲ ਕੀਤੀ । ਉਹ ਇਹਨਾ ਨੂੰ ਵੱਧੀਆ ਪੁਸ਼ਾਕ ਤੇ ਚੰਗੇ ਵਸਤਰ ਪੁਆਉਂਦੀਆਂ ਸਨ ਅਤੇ ਹਜ਼ਰਤ ਮੁਸਅਬ ਮੱਕੇ ਦੀ ਅਤਿ ਉੱਤਮ ਖ਼ੁਸ਼ਬੋ ਵਰਤਿਆ ਕਰਦੇ ਸਨ ਅਤੇ ਹਜ਼ਰਮੀ ਜੁੱਤੀ ਜੋ ਕਿ ਹਿਜ਼ਰੇ ਮੌਤ ਦੇ ਖੇਤਰ ਦੀ ਬਣੀ ਹੋਈ ਹੁੰਦੀ ਸੀ, ਅਮੀਰ ਲੋਕਾਂ ਲਈ ਵਿਸ਼ੇਸ਼ ਸੀ, ਓਹ ਜੁੱਤੀ ਪਾਇਆ ਕਰਦੇ ਸਨ । ਹਜ਼ਰਤ ਮੁਸਅਬ ਬਿਨ ਉਮੈਰ ਦੀ ਸੁਪਤਨੀ ਦਾ ਨਾਂ ਹਮਨਾ ਬਿੰਤ ਹਜਸ਼ ਸੀ ਜੋ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਪਵਿਤੱਰ ਪਤਨੀ ਉਮੁੱਲ ਮੋਮਿਨੀਨ ਹਜ਼ਰਤ ਜ਼ੈਨਬ ਬਿੰਤ ਹਜਸ਼ ਦੀ ਭੈਣ ਸਨ ।

ਹਜ਼ਰਤ ਮੁਸਅਬ ਬਿਨ ਉਮੈਰ ਜਲੀਲੁਲ ਕਦਰ (ਬਹੁਤ ਜੱਸ ਵਾਲੇ) ਸਹਾਬੀ ਸਨ ਅਤੇ ਅਰੰਭ ਵਿੱਚ ਹੀ ਇਸਲਾਮ ਕੁਬੂਲ ਕਰਨ ਵਾਲਿਆਂ ਵਿੱਚ ਸ਼ਾਮਲ ਸਨ ਪਰੰਤੂ ਆਪਣੀ ਮਾਂ ਅਤੇ ਕੌਮ ਦੀ ਵਿਰੋਧਤਾ ਦੇ ਖ਼ਤਰੇ ਕਰਕੇ ਇਸ ਨੂੰ ਗੁਪਤ ਰੱਖਿਆ । ਹਜ਼ਰਤ ਮੁਸਅਬ ਲੁਕ ਛਿੱਪਕੇ ਨਬੀ ਕਰੀਮ ਸਲਲੱਾਹੁ ਆਲੈਹਿ ਵਸਲੱਮ ਦੀ ਸੇਵਾ ਵਿੱਚ ਹਾਜ਼ਰ ਹੁੰਦੇ ਰਹਿੰਦੇ । ਇਕ ਵਾਰ ਉਸਮਾਨ ਬਿਨ ਤਲਹਾ ਨੇ ਉਹਨਾ ਨੂੰ ਨਮਾਜ਼ ਪੜ੍ਹਦਿਆਂ ਹੋਇਆਂ ਦੇਖ ਲਿਆ ਅਤੇ ਉਹਨਾ ਦੇ ਘਰ ਵਾਲਿਆਂ ਅਤੇ ਮਾਂ ਨੂੰ ਖ਼ਬਰ ਦੇ ਦਿੱਤੀ । ਮਾਂਪਿਆਂ ਨੇ ਉਹਨਾਂ ਨੂੰ ਕੈਦ ਕਰ ਦਿਤੱਾ । ਕੈਦ ਵਿੱਚੋਂ ਕਿਸੇ ਪ੍ਰਕਾਰ ਨਿਕਲੇ ਤਾਂ ਹਿਜਰਤ ਕਰਕੇ ਹਬਸ਼ਾ ਚਲੇ ਗਏ । ਕੁਝ ਸਮੇਂ ਬਾਦ ਕੁਝ ਮੁਹਾਜਰ ਹਬਸ਼ੇ ਤੋਂ ਮੱਕੇ ਵਾਪਸ ਪਰਤੇ ਤਾਂ

ਹਜ਼ਰਤ ਮੁਸਅਬ ਬਿਨ ਉਮੈਰ ਵੀ ਇਹਨਾ ਵਿੱਚ ਸ਼ਾਮਲ ਸਨ । ਆਪ ਦੀ ਮਾਂ ਨੇ ਜੱਦ ਆਪਦੀ ਇਹ ਹਾਲਤ ਦੇਖੀ ਤਾਂ ਭਵਿੱਖ ਵਿੱਚ ਵਿਰੋਧਤਾ ਕਰਨੀ ਛੱਡ ਦਿੱਤੀ ਅਤੇ ਪੁਤੱਰ ਨੂੰ ਉਸਦੀ ਹਾਲਤ'ਤੇ ਛੱਡ ਦਿਤੱਾ ।

ਹਜ਼ਰਤ ਮੁਸਅਬ ਬਿਨ ਉਮੈਰ ਨੂੰ ਦੋ ਹਿਜਰਤਾਂ ਕਰਨ ਦਾ ਸੁਭਾਗ ਪ੍ਰਾਪਤ ਹੋਇਆ । ਆਪ ਨੇ ਪਹਿਲਾਂ ਹਬਸ਼ੇ ਅਤੇ ਬਾਦ ਵਿੱਚ ਮਦੀਨਿ ਵੱਲ ਹਿਜਰਤ ਕੀਤੀ । ਹਜ਼ਰਤ ਸਅਦ ਬਿਨ ਅਬੀ ਵਕਾਸ ਬਿਆਨ ਕਰਦੇ ਹਨ ਕਿ ਹਜ਼ਰਤ ਮੁਸਅਬ ਬਿਨ ਉਮੈਰ ਨੂੰ ਮੈਂ ਸਾਰੀਆਂ ਸੁੱਖ ਸਹੂਲਤਾਂ ਸਮੇਂ ਵੀ ਦੇਖਿਆ ਅਤੇ ਮੁਸਲਮਾਨ ਹੋਣ ਦੇ ਬਾਦ ਵੀ । ਇਸਲਾਮ ਦੀ ਖ਼ਾਤਰ ਇਹਨਾ ਨੇ ਐਨੇ੍ਹ ਦੁੱਖ ਝੱਲੇ ਕਿ ਮੈਂ ਦੇਖਿਆ ਕਿ ਇਹਨਾ ਦੇ ਸ਼ਰੀਰ ਦੀ ਖੱਲ੍ਹ ਇਉਂ ਉਤੱਰਨ ਲੱਗੀ ਸੀ ਜਿਵੇਂ ਸੱਪ ਦੀ ਖੱਲ (ਕੇਂਚੁਲੀ) ਉਤਰਦੀ ਹੈ ਅਤੇ ਨਵੀਂ ਖੱਲ ਆਉਂਦੀ ਹੈ ਇਹ ਕੁਰਬਾਨੀ ਦੇ ਅਜਿਹੇ ਮਿਆਰ ਸਨ ਜੋ ਅਚੰਭੇ ਭਰਪੂਰ ਹਨ ।

ਮਦੀਨਿ ਵਿੱਚ ਇਕ ਦਿਨ ਮੁਸਅਬ ਬਿਨ ਉਮੈਰ ਰਜ਼ੀ ਅਲੱਾਹ ਅਨਹੁ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਕੋਲ ਆਏ ਜੱਦ ਆਪ ਸਲਲੱਾਹੁ ਅਲੈਹਿ ਵਸਲਮ ਆਪਣੇ ਸਹਾਬਾ ਨਾਲ ਬੈਠੇ ਹੋਏ ਸਨ । ਉਸ ਸਮੇਂ ਹਜ਼ਰਤ ਮੁਸਅਬ ਦੇ ਪੇਵੰਦ ਲੱਗੇ ਕਪੜਿਆਂ ਵਿੱਚ ਚਮੜੇ ਦੀਆਂ ਟਾਕੀਆਂ ਲੱਗੀਆਂ ਹੋਈਆਂ ਸਨ । ਹਜ਼ਰਤ ਮੁਸਅਬ ਬਿਨ ਉਮੈਰ ਨੇ ਆਣਕੇ ਸਲਾਮ ਕੀਤਾ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਉਸਦਾ ਉਤੱਰ ਦਿੱਤਾ ਅਤੇ ਬਹੁਤ ਚੰਗੇ ਢੰਗ ਨਾਲ ਪ੍ਰਸ਼ੰਸਾ ਕੀਤੀ । ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ 'ਅਲਹਮਦੁ ਲਿਲੱਾਹ' ਦੁਨੀਆਦਾਰਾਂ ਨੂੰ ਉਹਨਾ ਦੀ ਦੁਨੀਆ ਨਸੀਬ ਹੋਵੇ । ਮੈਂ ਮੁਸਅਬ ਨੂੰ ਉਸ ਜ਼ਮਾਨੇ ਵਿੱਚ ਦੇਖਿਆ ਹੈ ਜੱਦ ਮੱਕੇ ਸ਼ਹਿਰ ਵਿੱਚ ਇਸ ਤੋਂ ਵੱਧ ਸੁੱਖ ਸਮਰਿਧ ਤੇ ਧੰਨਵਾਨ ਕੋਈ ਨਹੀਂ ਸੀ । ਇਹ ਮਾਂ ਬਾਪ ਦੀ ਅਤਿ ਪਿਆਰੀ ਸੰਤਾਨ ਸੀ ਪਰ ਰੱਬ ਅਤੇ ਉਸਦੇ ਰਸੂਲ ਸਲਲੱਾਹੁ ਅਲੈਹਿ ਵਸਲਮ ਦੇ ਪ੍ਰੇਮ ਨੇ ਉਸ ਨੂੰ ਅੱਜ ਇਸ ਅਵਸਥਾ ਵਿੱਚ ਪਹੁੰਚਾ ਦਿਤੱਾ ਅਤੇ ਉਸ ਨੇ ਸਭ ਕੁਝ ਰੱਬ ਅਤੇ ਉਸਦੀ ਰਜ਼ਾ ਖ਼ਾਤਰ ਤਿਆਗ ਦਿਤੱਾ ।

ਹਜ਼ਰਤ ਅਲੀ ਤੋਂ ਰਿਵਾਇਤ ਹੈ ਕਿ ਅਸੀਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਮਸਜਿਦ ਵਿੱਚ ਬੈਠੇ ਹੋਏ ਸਨ ਕਿ ਹਜ਼ਰਤ ਮੁਸਅਬ ਬਿਨ ਉਮੈਰ ਆਏ ਇਹਨਾ ਦੇ ਸ਼ਰੀਰ'ਤੇ ਚਮੜੇ ਦੇ ਪੇਵੰਦ ਲੱਗੀ ਹੋਈ ਇਕ ਚਾਦਰ ਸੀ, ਜੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਇਹਨਾ ਨੂੰ ਦੇਖਿਆ ਤਾਂ ਇਹਨਾ ਦੇ ਨਾਜ਼ ਨਖ਼ਰਿਆਂ ਤੇ ਨੇਮਤਾਂ ਨੂੰ ਚੇਤੇ ਕਰਕੇ ਰੋਣ ਲੱਗੇ ਜਿਸ ਅਵਸਥਾ ਵਿੱਚ ਉਹ ਪਹਿਲਾਂ ਸਨ ਅਤੇ ਜਿਸ ਹਾਲ ਵਿੱਚ ਹੁਣ ਸਨ । ਫਿਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕੀ ਹਾਲ ਹੋਵੇਗਾ ਤੁਹਾਡਾ ਉਸ ਸਮੇਂ ਜੱਦ ਤੁਹਾਡੇ ਵਿੱਚੋਂ ਇਕ ਵਿਅਕਤੀ ਇਕ ਜੋੜੇ ਵਿੱਚ ਸਵੇਰ ਕਰੇਗਾ ਤਾਂ ਦੂਜੇ ਜੋੜੇ ਵਿੱਚ ਸ਼ਾਮ ਕਰੇਗਾ ਅਰਥਾਤ ਐਨ੍ਹੀ ਖੁਲੱਡੁਲ ਪੈਦਾ ਹੋ ਜਾਏਗੀ ਕਿ ਸਵੇਰ ਸ਼ਾਮ ਤੁਸੀਂ ਕਪੜੇ ਬਦਲਿਆ ਕਰੋਗੇ ਅਤੇ ਫਿਰ ਫ਼ਰਮਾਇਆ ਕਿ ਉਸ ਦੇ ਸਾਹਮਣੇ ਇਕ ਬਰਤਨ ਖਾਣੇ ਦਾ ਰੱਖਿਆ ਜਾਏਗਾ ਤੇ ਦੂਜਾ ਉਠਾ ਲਿਆ ਜਾਏਗਾ ਅਰਥਾਤ ਖਾਣੇ ਵੀ ਭਿੰਨ ਭਿੰਨ ਪ੍ਰਕਾਰ ਦੇ ਪਰੋਸੇ ਜਾਣਗੇ ਅਤੇ ਵੱਖ ਵੱਖ ਕਰਮ ਸਾਹਮਣੇ ਆਉਂਦੇ ਜਾਣਗੇ ਜਿਵੇਂ ਕਿ ਅੱਜ ਰਿਵਾਜ ਹੈ ਅਤੇ ਤੁਸੀਂ ਅਪਣੇ ਘਰਾਂ ਵਿੱਚ ਉਸੇ ਪ੍ਰਕਾਰ ਪਰਦੇ ਪਾਓਗੇ ਜਿਵੇਂ ਕਿ ਕਾਬੇ ਉਪੱਰ ਪਰਦੇ ਪਾਏ ਜਾਂਦੇ ਹਨ । ਅਰਥਾਤ ਬਹੁਤ ਬਹੁਮੁੱਲ ਪਰਦੇ ਵਰਤੇ ਜਾਂਣਗੇ । ਬਿਲਕੁਲ ਅੱਜ ਦੇ ਦ੍ਰਿਸ਼ ਹਨ ਇਹ ਜਾਂ ਇਸ ਖੁੱਲ੍ਹਡੁਲ ਦੇ ਦ੍ਰਿਸ਼ ਜੋ ਮੁਸਲਮਾਨਾ ਨੂੰ ਬਾਦ ਵਿੱਚ ਮਿਲੇ । ਸਹਾਬਾ ਨੇ ਅਰਜ਼ ਕੀਤੀ ਕਿ ਹੇ, ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ, ਕੀ ਅਸੀਂ ਉਸ ਸਮੇਂ ਅੱਜ ਤੋਂ ਬਹੁਤ ਚੰਗੇ ਹੋਵਾਂਗੇ ਅਤੇ ਇਬਾਦਤ ਲਈ ਵਿਹਲੇ ਹੋਵਾਂਗੇ । ਅਜਿਹੀ ਖੁੱਲ੍ਹਡੁੱਲ ਹੋਵੇਗੀ, ਅਜਿਹੇ ਹਾਲਾਤ ਹੋਣਗੇ ਤਾਂ ਫਿਰ ਇਬਾਦਤ ਲਈ ਵਿਹਲੇ ਹੋਵਾਂਗੇ ਅਤੇ ਮਿਹਨਤ ਤੇ ਘਾਲ੍ਹਣਾ ਤੋਂ ਬੱਚ ਜਾਵਾਂਗੇ  ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫਰਮਾਇਆ ਨਹੀਂ, ਸਗੋਂ ਤੁਸੀਂ

ਅੱਜ ਦੇ ਦਿਨ ਉਹਨਾ ਦਿਨਾਂ ਤੋਂ ਚੰਗੇ ਹੋ । ਤੁਹਾਡੀ ਹਾਲਤ, ਤੁਹਾਡੀਆਂ ਇਬਾਦਤਾਂ, ਤੁਹਾਡੇ ਮਿਆਰ ਉਸ ਤੋਂ ਬਹੁਤ ਬੁਲੰਦ ਹਨ ਜੋ ਬਾਦ ਵਿੱਚ ਆਉਣ ਵਾਲਿਆਂ ਨੂੰ ਖੁੱਲ੍ਹ ਡੁੱਲ ਦੀ ਹਾਲਤ ਵਿੱਚ ਹੋਵੇਗੀ ।

ਬੈਅਤੇ ਅਕਬਾ ਊਲਾ ਦੇ (ਅਕਬਾ ਦੀ ਪਹਿਲੀ ਬੈਅਤ ਸਮੇਂ) ਮੌਕੇ'ਤੇ ਮਦੀਨੇ ਤੋਂ ਆਏ ਹੋਏ ਬਾਰ੍ਹਾਂ ਵਿਅਕਤੀਆਂ ਨੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਹੱਥ'ਤੇ ਬੈਅਤ ਕੀਤੀ । ਜੱਦ ਇਹ ਲੋਕ ਵਾਪਸ ਮਦੀਨੇ ਪਰਤਨ ਲੱਗੇ ਤਾਂ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਹਜ਼ਰਤ ਮੁਸਅਬ ਬਿਨ ਉਮੈਰ ਨੂੰ ਇਹਨਾ ਦੇ ਨਾਲ ਭਿਜਵਾਇਆ ਤਾਂ ਜੋ ਉਹ ਇਹਨਾ ਨੂੰ ਕੁਰਆਨ ਕਰੀਮ ਪੜ੍ਹਾਉਣ ਅਤੇ ਇਸਲਾਮ ਦੀ ਸਿੱਖਿਆ ਦੇਣ । ਮਦੀਨੇ ਵਿੱਚ ਹਜ਼ਰਤ ਮੁਸਅਬ ਨੇ ਹਜ਼ਰਤ ਅਸਦ ਬਿਨ ਜ਼ਰਾਰਹ ਦੇ ਘਰ ਪੜਾਅ ਕੀਤਾ । ਆਪ ਨਮਾਜ਼ਾਂ ਵਿੱਚ ਇਮਾਮਤ ਦੇ ਫ਼ਰਜ਼ ਵੀ ਨਿਭਾਉਂਦੇ ਸਨ । ਹਜ਼ਰਤ ਮੁਸਅਬ ਇਕ ਲੰਮੇ ਸਮੇਂ ਤੱਕ ਹਜ਼ਰਤ ਅਸਦ ਬਿਨ ਜ਼ਰਾਰਹ ਦੇ ਘਰ ਠਹਿਰੇ ਪਰ ਬਾਦ ਵਿੱਚ ਹਜ਼ਰਤ ਸਅਦ ਬਿਨ ਮਆਜ਼ ਦੇ ਘਰ ਚਲੇ ਗਏ । ਹਜ਼ਰਤ ਬਰਾਅ ਬਿਨ ਆਜ਼ਬ ਤੋਂ ਰਿਵਾਇਤ ਹੈ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਮੁਹਾਜਰ ਸਹਾਬਾ ਵਿਚੋਂ ਸਭ ਤੋਂ ਪਹਿਲਾਂ ਸਾਡੇ ਕੋਲ ਆਉਣ ਵਾਲੇ ਮੁਸਅਬ ਬਿਨ ਉਮੈਰ ਅਤੇ ਇਬਨੇ ਉਮੇ ਮਕਤੂਮ ਸਨ । ਮਦੀਨੇ ਪਹੁੰਚ ਕੇ ਇਹਨਾ ਦੋਹਾਂ ਸਾਹਬਾ ਨੇ ਸਾਨੰ ਕੁਰਆਨ ਕਰੀਮ ਪੜ੍ਹਉਂਣਾ ਸ਼ੁਰੂ ਕਰ ਦਿਤੱਾ । ਹਜ਼ਰਤ ਬਰਾਅ ਕਹਿੰਦੇ ਹਨ ਕਿ ਮੈਂ ਕਦੇ ਵੀ ਮਦੀਨੇ ਵਾਲਿਆਂ ਨੂੰ ਐਨ੍ਹਾ ਖ਼ੁਸ਼ ਹੁੰਦਿਆਂ ਨਹੀਂ ਦੇਖਿਆ ਸੀ ਜਿੰਨ੍ਹਾ ਉਹ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਆਉਣ'ਤੇ ਖ਼ੁਸ਼ ਹੋਏ ਸਨ । ਬੱਚੀਆਂ ਤੇ ਬੱਚੇ ਵੀ ਕਹਿਣ ਲੱਗੇ ਸਨ ਕਿ ਆਪ ਅਲੱਾਹ ਦੇ ਰਸੂਲ ਹਨ, ਸਾਡੇ ਕੋਲ ਆਏ ਹਨ ।

ਸੀਰਤ ਖ਼ਾਤਾਮਨੱਬੀਯੀਨ ਵਿੱਚ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਹਜ਼ਰਤ ਮੁਸਅਬ ਬਿਨ ਉਮੈਰ ਬਾਰੇ ਬਿਆਨ ਕਰਦੇ ਹਨ ਕਿ ਦਾਰਿ ਅਰਕਮ ਵਿੱਚ ਜੋ ਵਿਅਕਤੀ ਇਮਾਨ ਲਿਆਏ ਉਹ ਵੀ ਪਹਿਲਿਆਂ ਵਿੱਚ ਸ਼ਾਮਲ ਹੁੰਦੇ ਹਨ । ਇਹਨਾ ਵਿੱਚੋਂ ਬਹੁਤੇ ਮਸ਼ਹੂਰ ਇਹ ਹਨ । ਪਹਿਲੇ ਮੁਸਅਬ ਬਿਨ ਉਮੈਰ ਰਜ਼ੀ ਅਲੱਾਹ ਅਨਹੁ ਜੋ ਬਹੁਤ ਸੁੰਦਰ ਤੇ ਹਸੀਨ ਸਨ ਅਤੇ ਆਪਣੇ ਪਰਿਵਾਰ ਵਿੱਚ ਅਤਿਅੰਤ ਕਰੀਬੀ ਤੇ ਪ੍ਰੇਮੀ ਸਮਝੇ ਜਾਂਦੇ ਸਨ ਇਹ ਉਹ ਨੌਜੁਆਨ ਬਜ਼ੁਰਗ ਹਨ ਜੋ ਯਸਰਬ (ਮਦੀਨੇ) ਵਿੱਚ ਪਹਿਲੇ ਇਸਲਾਮੀ ਮੁਬਲੱਗ਼ (ਪ੍ਰਚਾਰਕ) ਬਣਾਕੇ ਭੇਜੇ ਗਏ ਅਤੇ ਜਿੰਨ੍ਹਾ ਰਾਹੀਂ ਮਦੀਨੇ ਵਿੱਚ ਇਸਲਾਮ ਫੈਲਿਆ । ਹਜ਼ਰਤ ਮੁਸਅਬ ਬਿਨ ਉਮੈਰ ਮਦੀਨੇ ਵਿੱਚ ਪਹਿਲੇ ਵਿਅਕਤੀ ਹਨ ਜਿੰਨ੍ਹਾ ਨੇ ਹਿਜਰਤ ਤੋਂ ਪਹਿਲਾਂ ਸਅਦ ਬਿਨ ਖ਼ੇਮਸਾ ਦੇ ਘਰ ਜੁਮਆ ਪੜ੍ਹਾਇਆ । ਹਜ਼ਰਤ ਮੁਸਅਬ ਰਜ਼ੀ ਅਲੱਹ ਅਨਹੁ ਹਜ਼ਰਤ ਜ਼ਰਾਰਹ ਨੂੰ ਨਾਲ ਲੈਕੇ ਅੰਸਾਰ ਦੇ ਵੱਖ ਵੱਖ ਮੁਹੱਲਿਆਂ ਵਿੱਚ ਪ੍ਰਚਾਰ ਲਈ ਜਾਂਦੇ ਸਨ । ਹਜ਼ਰਤ ਮੁਸਅਬ ਰਜ਼ੀ ਅਲੱਾਹ ਅਨਹੁ ਦੇ ਪ੍ਰਚਾਰ ਨਾਲ ਬਹੁਤ ਸਾਰੇ ਲੋਕ ਮੁਸਲਮਾਨ ਹੋਏ ਜਿੰਨ੍ਹਾ ਵਿੱਚ ਮਹਾਨ ਸਹਾਬਾ ਉਧਾਰਣ ਲਈ ਹਜ਼ਰਤ ਸਅਦ ਬਿਨ ਮਆਜ਼, ਹਜ਼ਰਤ ਇਬਾਦਹ ਬਿਨ ਬਸ਼ਰ, ਹਜ਼ਰਤ ਮੁਹਮੱਦ ਬਿਨ ਮੁਸਲਮਾ, ਹਜ਼ਰਤ ਉਸੈਦ ਬਿਨ ਹਜ਼ੀਰ ਆਦਿ ਸ਼ਾਮਲ ਸਨ ।

ਹਜ਼ਰਤ ਮੁਸਅਬ ਬਿਨ ਉਮੈਰ ਦੀ ਪ੍ਰਚਾਰਕ ਗਤੀਵਿਧੀ ਦੇ ਸਿੱਟੇ ਵਿੱਚ ਮਦੀਨੇ ਵਿੱਚ ਘਰ ਘਰ ਵਿੱਚ ਇਸਲਾਮ ਦੀ ਚਰਚਾ ਹੋਣ ਲੱਗੀ ਅਤੇ ਓਸ ਤੇ ਖ਼ਜ਼ਰਜ ਬਹੁਤ ਤੇਜ਼ੀ ਨਾਲ ਮੁਸਲਮਾਨ ਹੋਣ ਲੱਗੇ । ਕਈ ਵਾਰ ਤਾਂ ਕਬੀਲੇ ਦਾ ਕਬੀਲਾ ਹੀ ਇਕ ਦਿਨ ਵਿੱਚ ਮੁਸਲਮਾਨ ਹੋ ਗਿਆ । ਇਉਂ ਬਨੂ ਅਬਦੁਲ ਅਸ਼ਹਲ ਦਾ ਕਬੀਲੀ ਵੀ ਇਸੇ ਪ੍ਰਕਾਰ ਇਕ ਹੀ ਸਮੇਂ ਵਿੱਚ ਮੁਸਲਮਾਨ ਹੋਇਆ ਸੀ । ਇਹ ਕਬੀਲਾ ਅੰਸਾਰ ਦੇ ਪ੍ਰਸਿੱਧ ਕਬੀਲੇ ਓਸ ਦਾ ਵਿਸ਼ੇਸ਼ ਭਾਗ ਸੀ ਅਤੇ ਇਸ ਦੇ ਰਈਸ ਦਾ ਨਾਂ ਸਅਦ ਬਿਨ ਮਆਜ਼ ਸੀ ਜੋ ਕੇਵਲ ਬਨੂ ਅਬਦੁਲ ਅਸ਼ਹਲ ਦੇ ਹੀ ਮਹਾਨ ਰਈਸ ਨਹੀਂ ਸੀ ਸਗੋਂ ਕਬੀਲਾ ਓਸ ਦੇ ਸਰਦਾਰ ਵੀ ਸਨ । ਜੱਦ ਮਦੀਨੇ ਵਿੱਚ ਇਸਲਾਮ ਦੀ ਚਰਚਾ ਹੋਈ ਤਾਂ ਸਅਦ ਬਿਨ ਮਆਜ਼ ਨੂੰ ਇਹ ਬੁਰਾ ਲੱਗਿਆ ਅਤੇ ਉਹਨਾ ਨੇ ਰੋਕਣਾ ਚਾਹਿਆ । ਇਸਲਾਮ ਲਿਆਉਣ ਤੋਂ ਪਹਿਲਾਂ

ਸਅਦ ਬਿਨ ਮਆਜ਼ ਕਟੱੜ ਵਿਰੋਧੀ ਸਨ ਪਰ ਅਸਅਦ ਬਿਨ ਜ਼ਰਾਰਹ ਨਾਲ ਉਹਨਾ ਨੂੰ ਬਹੁਤ ਨੇੜਲੀ ਰਿਸ਼ਤੇਦਾਰੀ ਸੀ ਅਰਥਾਤ ਉਹ ਇਕ ਦੂਜੇ ਦੀ ਮਾਸੀ ਵੱਲੋਂ ਭਰਾ ਸਨ ਅਤੇ ਅਸਅਦ ਬਿਨ ਜ਼ਰਾਰਹ ਮੁਸਲਮਾਨ ਹੋ ਚੁਕੇ ਸਨ ਇਸ ਲਈ ਸਅਦ ਬਿਨ ਮਆਜ਼ ਸਿੱਧੇ ਤੌਰ'ਤੇ ਆਪ ਦਖ਼ਲ ਦੇਣ ਤੋਂ ਰੁਕਦੇ ਸਨ ਕਿ ਕੋਈ ਬਦਮਜ਼ਗੀ ਨ ਪੈਦਾ ਹੋ ਜਾਏ । ਇਸ ਲਈ ਉਹਨਾਂ ਨੇ ਆਪਣੇ ਇਕ ਹੋਰ ਰਿਸ਼ਤੇਦਾਰ ਉਸੈਦ ਬਿਨ ਅਲਹਜ਼ੀਰ ਨੂੰ ਕਿਹਾ ਕਿ ਅਸਅਦ ਬਿਨ ਜ਼ਰਾਰਹ ਕਰਕੇ ਮੈਨੂੰ ਤਾਂ ਕੁਝ ਝਾਕਾ ਹੈ ਪਰ ਤੁਸੀਂ ਜਾਕੇ ਮੁਸਅਬ ਨੂੰ ਰੋਕ ਦਿਓ ਕਿ ਸਾਡੇ ਲੋਕਾਂ ਵਿੱਚ ਇਹ ਬੇਦੀਨੀ ਨ ਫੈਲਾਏ ਅਤੇ ਅਸਦ ਨੂੰ ਵੀ ਕਹਿ ਦਿਓ ਕਿ ਇਹ ਤਰੀਕਾ ਚੰਗਾ ਨਹੀਂ ਹੈ । ਉਸੈਦ ਕਬੀਲਾ ਅਬਦੁਲ ਅਸ਼ਹਲ ਦੇ ਜਾਣੇਮਾਣੇ ਰਈਸਾਂ ਵਿੱਚੋਂ ਸਨ । ਅਤੇ ਸਅਦ ਬਿਨ ਮਆਜ਼ ਦੇ ਬਾਦ ਉਸੈਦ ਬਿਨ ਅਲਹਜ਼ੀਰ ਦਾ ਵੀ ਆਪਣੇ ਕਬੀਲੇ ਉਪੱਰ ਬਹੁਤ ਪ੍ਰਭਾਵ ਸੀ । ਸੋ, ਸਅਦ ਦੇ ਕਹਿਣ'ਤੇ ਮੁਸਅਬ ਬਿਨ ਉਮੈਰ ਅਤੇ ਅਸਅਦ ਬਿਨ ਜ਼ਰਾਰਹ ਕੋਲ ਗਏ ਅਤੇ ਮੁਸਅਬ ਨੂੰ ਸੰਬੋਧਨ ਕਰਕੇ ਅਤਿ ਗੁੱਸੇ ਵਿੱਚ ਕਿਹਾ, ਤੁਸੀਂ ਕਿਉਂ ਸਾਡੇ ਲੋਕਾਂ ਨੂੰ ਬੇਦੀਨ ਕਰਦੇ ਫਿਰਦੇ ਹੋ ਇਸ ਤੋਂ ਬਾਜ਼ ਆ ਜਾਓ ਵਰਨਾ ਚੰਗਾ ਨਹੀਂ ਹੋਵੇਗਾ । ਇਸ ਤੋਂ ਪਹਿਲਾਂ ਕਿ ਮੁਸਅਬ ਕੋਈ ਉਤੱਰ ਦਿੰਦੇ ਅਸਅਦ ਨੇ ਹੌਲੀ ਜਿਹੀ ਮੁਸਅਬ ਨੂੰ ਕਿਹਾ ਕਿ ਇਹ ਆਪਣੇ ਕਬੀਲੇ ਦੇ ਇਕ ਰਸੂਖ਼ ਵਾਲੇ ਰਈਸ ਹਨ, ਇਹਨਾ ਨਾਲ ਬਹੁਤ ਨਰਮੀ ਤੇ ਪ੍ਰੇਮ ਨਾਲ ਗੱਲ ਕਰਨੀ, ਸੋ, ਮੁਸਅਬ ਨੇ ਬਹੁਤ ਅਦਬ ਨਾਲ ਅਤੇ ਪ੍ਰੇਮਪੂਰਵਕ ਉਸੈਦ ਨੂੰ ਕਿਹਾ, ਆਪ ਨਰਾਜ਼ ਨ ਹੋਵੋ ਸਗੋਂ ਕ੍ਰਿਪਾ ਕਰਕੇ ਥੋੜੀ ਦੇਰ ਲਈ ਠਹਿਰੋ ਅਤੇ ਠੰਡੇ ਮਨ ਨਾਲ ਸਾਡੀ ਗੱਲ ਸੁਣੋ ਅਤੇ ਇਸ ਦੇ ਬਾਦ ਕੋਈ ਰਾਏ ਬਣਾਓ । ਉਸੈਦ ਇਸ ਗੱਲ ਨੂੰ ਸਹੀ ਸਮਝਕੇ ਬੈਠ ਗਏ । ਚੰਗੇ ਸੁਭਾਉ ਵਾਲੇ ਸਨ । ਮੁਸਅਬ ਨੇ ਉਹਨਾ ਨੂੰ ਕੁਰਆਨ ਕਰੀਮ ਸੁਣਾਇਆ ਅਤੇ ਬਹੁਤ ਹੀ ਪ੍ਰੇਮ ਪੂਰਵਕ ਇਸਲਾਮੀ ਸਿੱਖਿਆ ਤੋਂ ਜਾਣੂ ਕਰਾਇਆ । ਉਸੈਦ ਉਪੱਰ ਐਨ੍ਹਾ ਪ੍ਰਭਾਵ ਪਿਆ ਕਿ ਉਹ ਉੱਥੇ ਹੀ ਮੁਸਲਮਾਨ ਹੋ ਗਏ ਅਤੇ ਫਿਰ ਕਹਿਣ ਲੱਗੇ ਕਿ ਮੇਰੇ ਪਿੱਛੇ ਇੱਕ ਅਜਿਹਾ ਵਿਅਕਤੀ ਹੈ ਜੋ ਜੇਕਰ ਇਮਾਨ ਲੈ ਆਇਆ ਤਾਂ ਸਾਡਾ ਸਾਰਾ ਕਬੀਲਾ ਮੁਸਲਮਾਨ ਹੋ ਜਾਏਗਾ । ਤੁਸੀਂ ਠਹਿਰੋ ਮੈਂ ਉਸਨੂੰ ਵੀ ਇੱਥੇ ਭੇਜਦਾ ਹਾਂ । ਇਹ ਕਹਿਕੇ ਉਸੈਦ ਉਠੱਕੇ ਚਲੇ ਗਏ ਅਤੇ ਕਿਸੇ ਬਹਾਨੇ ਨਾਲ ਸਅਦ ਬਿਨ ਮਆਜ਼ ਨੂੰ ਮੁਸਅਬ ਬਿਨ ਉਮੈਰ ਅਤੇ ਅਸਅਦ ਬਿਨ ਜ਼ਰਾਰਹ ਕੋਲ ਭੇਜ ਦਿਤੱਾ । ਇਸ'ਤੇ ਮੁਸਅਬ ਨੇ ਉਸੇ ਪ੍ਰਕਾਰ ਅਤਿਅੰਤ ਨਰਮੀ ਅਤੇ ਪ੍ਰੇਮ ਪੂਰਵਕ ਉਹਨਾ ਨੂੰ ਪ੍ਰਚਾਰ ਕੀਤਾ । ਹੁਣੇ ਬਹੁਤੀ ਦੇਰ ਨਹੀਂ ਹੋਈ ਸੀ ਕਿ ਬੁੱਤ ਵੀ ਰਾਮ ਸੀ । ਸੋ, ਸਅਦ ਨੇ ਵੀ ਇਸ਼ਨਾਨ ਕਰਕੇ ਕਲਮਾ ਸ਼ਹਾਦਤ ਪੜ੍ਹ ਦਿਤੱਾ ਅਤੇ ਫਿਰ ਇਸ ਦੇ ਬਾਦ ਸਅਦ ਬਿਨ ਮਆਜ਼ ਅਤੇ ਉਸੈਦ ਬਿਨ ਹਜ਼ੀਰ ਦੋਵੇਂ ਮਿਲਕੇ ਆਪਣੇ ਆਪਣੇ ਕਬੀਲੇ ਵਾਲਿਆਂ ਵੱਲ ਗਏ ਅਤੇ ਸਅਦ ਨੇ ਉਹਨਾ ਨਾਲ ਵਿਸ਼ੇਸ਼ ਅਰਬੀ ਅੰਦਾਜ਼  ਵਿੱਚ ਪੁੱਛਿਆ ਕਿ ਹੇ ਬਨੀ ਅਪਦੁਲ ਅਸ਼ਹਲ ! ਤੁਸੀਂ ਮੈਨੂੰ ਕਿਹੋ ਜਿਹਾ ਜਾਣਦੇ ਹੋ ? ਸਾਰਿਆਂ ਨੇ ਇਕ ਮੂੰਹ ਹੋਕੇ ਕਿਹਾ ਕਿ ਆਪ ਸਾਡੇ ਸਰਦਾਰ ਅਤੇ ਸਰਦਾਰ ਬਿਨ ਸਰਦਾਰ ਹਨ ਆਪ ਦੀ ਗੱਲ'ਤੇ ਸਾਨੂੰ ਪੂਰਨ ਭਰੋਸਾ ਹੈ । ਸਅਦ ਨੇ ਕਿਹਾ ਤਾਂ ਫਿਰ ਮੇਰੇ ਨਾਲ ਤੁਹਾਡਾ ਕੋਈ ਸੰਬੰਧ ਨਹੀਂ ਜੇਕਰ ਜੱਦ ਤੱਕ ਤੁਸੀਂ ਅਲੱਾਹ ਅਤੇ ਉਸਦੇ ਰਸੂਲ ਉਪੱਰ ਇਮਾਨ ਨ ਲਿਆਓ । ਇਸ ਦੇ ਬਾਦ ਸਅਦ ਨੇ ਉਹਨਾ ਨੂੰ ਇਸਲਾਮ ਦੇ ਉਸੂਲ ਸਮਝਾਏ ਅਤੇ ਅਜੇ ਇਸ ਦਿਨ ਸ਼ਾਮ ਨਹੀਂ ਹੋਈ ਸੀ ਕਿ ਸਾਰਾ ਕਬੀਲਾ ਮੁਸਲਮਾਨ ਹੋ ਗਿਆ ਅਤੇ ਸਅਦ ਰਜ਼ੀ ਅਲੱਾਹ ਅਨਹੁ ਅਤੇ ਉਸੈਦ ਨੇ ਆਪ ਆਪਣੇ ਹੱਥੀਂ ਆਪਣੀ ਕੌਮ ਦੇ ਬੁੱਤ ਕਢੱਕੇ ਤੋੜ ਦਿੱਤੇ ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਬਿਆਨ ਕਰਦੇ ਹਨ ਕਿ ਤੇਰ੍ਹਾ ਨਬਵੀ ਦੇ ਮਹੀਨੇ ਜ਼ਿਲਹਜੱਾ ਵਿੱਚ ਹੱਜ ਦੇ ਮੌਕੇ'ਤੇ ਓਸ ਤੇ ਖ਼ਜ਼ਰਜ ਦੇ ਕਈ ਸੌ ਵਿਅਕਤੀ ਮੱਕੇ ਆਏ । ਮੁਸਅਬ ਬਿਨ ਉਮੈਰ ਵੀ ਇਹਨਾ ਨਾਲ ਸਨ । ਮੁਸਅਬ ਦੀ ਮਾਂ ਜੀਉਂਦੀ ਸਨ ਅਤੇ ਬੇਸ਼ਕ ਮੁਸ਼ਰਿਕਾ ਸਨ ਪਰ ਇਹਨਾ ਨਾਲ ਬਹੁਤ ਪ੍ਰੇਮ ਕਰਦੀ ਸਨ । ਜੱਦ ਉਹਨਾ ਨੂੰ ਇਹਨਾ ਦੇ ਆਉਣ ਦੀ ਖ਼ਬਰ ਮਿਲੀ ਤਾਂ ਉਹਨਾ ਨੇ ਇਹਨਾਂ ਨੂੰ ਸੰਦੇਸ਼ ਭੇਜਿਆ ਕਿ ਪਹਿਲਾਂ ਮੈਨੂੰ ਆਣਕੇ ਮਿਲ

ਜਾਓ ਫਿਰ ਕਿਸੇ ਹੋਰ ਥਾਂ ਜਾਣਾ । ਮੁਸਅਬ ਨੇ ਉੱਤਰ ਦਿੱਤਾ ਕਿ ਮੈਂ ਹੁਣ ਤੱਕ ਰਸੂਲੁੱਲਾਹ ਸਲਲੱਾਹੁ ਅਲੈਹਿ ਵਸਲਮ ਨੂੰ ਨਹੀਂ ਮਿਲਿਆ, ਆਪ ਸਲਲੱਾਹੁ ਅਲੈਹਿ ਵਸਲਮ ਨੂੰ ਮਿਲਕੇ ਆਪਦੇ ਕੋਲ ਆਵਾਂਗਾ । ਸੋ, ਉਹ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਕੋਲ ਹਾਜ਼ਰ ਹੋਏ ਅਤੇ ਆਪ ਸਲਲੱਾਹੁ ਅਲੈਹਿ ਵਸਲਮ ਨੂੰ ਮਿਲਕੇ ਆਪਣੀ ਮਾਂ ਕੋਲ ਗਏ। ਉਹ ਉਹਨਾ ਨੂੰ ਦੇਖਕੇ ਬਹੁਤ ਰੋਈ ਅਤੇ ਬਹੁਤ ਸ਼ਿਕਵੇ ਕੀਤੇ । ਮੁਸਅਬ ਨੇ ਕਿਹਾ ਮਾਂ ਮੈਂ ਤੁਹਾਨੂੰ ਇਕ ਬਹੁਤ ਹੀ ਚੰਗੀ ਗੱਲ ਕਹਿੰਦਾਂ ਹਾਂ ਜੋ ਤੁਹਾਡੇ ਲਈ ਬਹੁਤ ਹੀ ਲਾਹੇਵੰਦ ਹੈ ਅਤੇ ਸਾਰੇ ਝਗੜਿਆਂ ਦਾ ਫ਼ੈਸਲਾ ਹੋ ਜਾਂਦਾ ਹੈ । ਉਸ ਨੇ ਕਿਹਾ ਉਹ ਕੀ ਹੈ ? ਮੁਸਅਬ ਨੇ ਹੌਲੀ ਜਿਹੀ ਉੱਤਰ ਦਿੱਤਾ । ਬਸ ਇਹੋ ਬੁੱਤ ਪ੍ਰਸਤੀ ਤਿਆਗ ਕੇ ਮੁਸਲਮਾਨ ਹੋ ਜਾਓ ਅਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਉਪੱਰ ਇਮਾਨ ਲੈ ਆਓ । ਉਹ ਪੱਕੀ ਮੁਸ਼ਰਿਕਾ ਸਨ, ਸੁਣਦਿਆਂ ਹੀ ਰੌਲ੍ਹਾ ਪਾ ਦਿੱਤਾ ਕਿ ਮੈਂਨੂ ਤਾਰਿਆਂ ਦੀ ਸਹੁੰ ਹੈ ਮੈਂ ਤੁਹਾਡੇ ਦੀਨ ਵਿੱਚ ਕਦੇ ਵੀ ਦਾਖ਼ਲ ਨਹੀਂ ਹੋਵਾਂਗੀ ਅਤੇ ਆਪਣੇ ਰਿਸ਼ਤੇਦਾਰਾਂ ਨੂੰ ਸੰਕੇਤ ਕੀਤਾ ਕਿ ਮੁਸਅਬ ਨੂੰ ਫੜਕੇ ਕੈਦ ਕਰ ਲੈਂਣ ਪਰ ਉਹ ਭਜੱਕੇ ਬਾਹਰ ਨਿਕਲ ਗਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹਜ਼ਰਤ ਮੁਸਅਬ ਬਿਨ ਉਮੈਰ ਦਾ ਹੋਰ ਜ਼ਿਕਰ ਇੰਸ਼ਾਅਲੱਾਹ ਅਗਲੇ ਖ਼ੁਤਬੇ ਵਿੱਚ ਬਿਆਨ ਕਰਾਂਗਾ ।

ਫ਼ਰਮਾਇਆ ਅੱਜ ਦੋ ਜਨਾਜ਼ੇ ਪੜ੍ਹਾਉਂਣੇ ਹਨ, ਇਹਨਾ ਵਿੱਚੋਂ ਇਕ ਮੁਕਰੱਮ ਮੁਨਵੱਰ ਅਹਮਦ ਜਾਵੇਦ ਸਾਹਬ ਸਪੁਤੱਰ ਮਲਕ ਜ਼ਫ਼ਰ ਅਹਮਦ ਸਾਹਬ ਦਾ ਹੈ, ਜਿੰਨ੍ਹਾ ਦਾ 22 ਫ਼ਰਵਰੀ ਨੂੰ 84 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਹੈ । اناللهوانااليهراجعون۔ । ਮਲਕ ਮੁਨਵੱਰ ਅਮਹਦ ਜਾਵੇਦ ਸਾਹਬ ਦੇ ਦਾਦਾ ਹਜ਼ਰਤ ਡਾਕਟਰ ਜ਼ਫ਼ਰ ਚੌਧਰੀ ਅਤੇ ਨਾਨਾ ਹਜ਼ਰਤ ਸ਼ੇਖ਼ ਅਬਦੁਲ ਕਰੀਮ ਸਾਹਬ ਦੋਹਾਂ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਹੱਥ'ਤੇ ਬੈਅਤ ਕਰੇ ਸਹਾਬੀ ਹੋਣ ਦਾ ਮਾਣ ਪ੍ਰਾਪਤ ਕੀਤਾ । 10 ਅਗਸਤ 1983 ਈ. ਨੂੰ ਇਹਨਾ ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ ਰਹਿਮਾਹੁਲੱਾਹ ਦੀ ਸੇਵਾ ਵਿੱਚ ਜੀਵਨ ਵਕਫ਼ ਕਰਨ ਦਾ ਬਿਨਤੀ ਪਤੱਰ ਦਿੱਤਾ ਜਿਸ'ਤੇ ਹਜ਼ੂਰ ਰਹਿਮਾਹੁਲੱਾਹ ਨੇ 18 ਅਗਸਤ 1983 ਈ. ਨੂੰ ਆਪਦਾ ਜੀਵਨ ਵਕਫ਼ ਕਰਨਾ ਮੰਜ਼ੁਰ ਕੀਤਾ । ਜੱਦ ਇਹ ਸਰਕਾਰੀ ਨੌਕਰੀ ਕਰਦੇ ਸਨ ਉਸ ਸਮੇਂ ਦੀ ਗੱਲ ਵਰਨਣ ਕਰਦਿਆਂ ਹੋਇਆਂ ਇਕ ਵਾਰ ਮਲਕ ਸਾਹਬ ਨੇ ਕਿਹਾ ਕਿ :

ਸਰਵਿਸ ਸਮੇਂ ਸਾਡੇ ਇੰਚਾਰਜ ਬਹੁਤ ਪੱਖਪਾਤੀ ਸਨ, ਇਕ ਵਾਰ ਉਹ ਮੇਰੇ ਕੋਲ ਬਹਿਸ (ਵਿਚਾਰ ਵਟਾਂਦਰੇ) ਲਈ ਪ੍ਰੋਫ਼ੈਸਰ ਖ਼ਾਲਿਦ ਮਹਮੂਦ ਸਾਹਬ ਨੂੰ ਲਿਆਏ ਜੋ ਉਸ ਸਮੇਂ ਵੱਡੇ ਜਾਣੇ ਮਾਣੇ ਆਲਮ ਸਨ । ਜੱਦ ਇਹਨਾ ਆਲਮ ਸਾਹਬ ਤੋਂ ਕੋਈ ਗੱਲ ਨ ਬਣੀ ਤਾਂ ਉਹਨਾ ਨੇ ਗੁੱਸੇ ਵਿੱਚ ਗਾਲ੍ਹਾਂ ਕਢੱਣੀਆਂ ਸ਼ੁਰੂ ਕਰ ਦਿੱਤੀਆਂ ਤਾਂ ਕਹਿੰਦੇ ਹਨ ਕਿ ਮੇਰੇ ਜੋ ਅਫ਼ਸਰ ਸਨ ਉਹ ਡਰ ਗਏ ਕਿ ਕਿਤੇ ਮਾਮਾਲਾ ਖ਼ਰਾਬ ਹੀ ਨ ਹੋ ਜਾਏ । ਇਸ'ਤੇ ਇਹਨਾ ਅਲਾਮ ਸਾਹਬ ਨੇ ਮੇਰੇ ਇੰਚਾਰਜ ਨੂੰ ਹੌਸਲਾ ਦਿੰਦਿਆਂ ਹੋਇਆ ਕਿਹਾ ਕਿ ਇਹਨਾ ਲੋਕਾਂ ਨੇ ਰੱਬ, ਰਸੂਲ ਅਤੇ ਕਿਤਾਬ ਉਪੱਰ ਐਨ੍ਹੇ ਜ਼ੁਲਮ ਕੀਤੇ ਕਿ ਅਲੱਾਹ ਉਹਨਾ ਲੋਕਾਂ ਨੂੰ ਹਲਾਕ ਕਰ ਦਿੰਦਾ ਪਰ ਇਹ ਹਰ ਵਾਰ ਇਸ ਕਰਕੇ ਬੱਚ ਜਾਂਦੇ ਹਨ ਕਿਉਂਕਿ ਇਹ ਆਪਣੀਆਂ ਨਮਾਜ਼ਾਂ ਵਿੱਚ ਖ਼ੂਬ ਰੋਂਦੇ ਹਨ । ਮਤਲਬ ਇਹ ਹੈ ਕਿ ਇਹ ਇਹਨਾਂ ਨੂੰ ਸਵੀਕਾਰ ਕਰਨਾ ਪਿਆ ਕਿ ਅਹਮਦੀ ਸੱਚੇ ਮਨੋਂ ਰੱਬ ਅੱਗੇ ਰੋਂਦ ਹਨ ਜੋ ਇਹਨਾਂ ਦੇ ਹਰ ਸਮੇਂ ਕੰਮ ਆਉਂਦੀ ਹੈ ਅਤੇ ਅਲੱਾਹ ਤਆਲਾ ਇਹਨਾ ਦੀ ਸੁਣਦਾ ਹੈ । ਰੱਬ ਇਹਨਾਂ ਦੀਆਂ ਅੱਖਾਂ ਵੀ ਖੋਲੇ ਅਤੇ ਜੋ ਕੌਮ ਨੂੰ ਇਹਨਾ ਨੇ ਗ਼ਲਤ ਮਾਰਗ'ਤੇ ਪਾਇਆ ਹੋਇਆ ਹੈ, ਗ਼ਲਤ ਮਾਰਗ ਦਰਸ਼ਨ ਕਰ ਰਹੇ ਹਨ । ਰੱਬ, ਕੌਮ ਨੂੰ ਇਹਨਾ ਦੇ ਧੋਖੇ ਤੇ ਫ਼ਰੇਬ ਤੋਂ ਬਚਾਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਜੱਦ ਮੈਂ ਨਾਜ਼ਿਰ ਆਲਾ ਸੀ ਤਾਂ ਉਸ ਸਮੇਂ ਨਾਜ਼ਿਰ ਜ਼ਯਾਫ਼ਤ ਵੀ ਸੀ ਅਤੇ ਇਹ ਨਾਇਬ ਨਾਜ਼ਿਰ ਜ਼ਯਾਫ਼ਤ ਸਨ । ਮੈਂ ਦੇਖਿਆ ਹੈ ਕਿ ਜਮਾਤ ਦੇ ਧੰਨ ਦੀ ਬਹੁਤ ਚਿੰਤਾ ਰਖੱਦੇ ਸਨ ਅਤੇ ਸੱਚੀ ਗੱਲ ਕਹਿਣ ਵਿੱਚ ਕਦੇ ਨਹੀਂ ਰੁਕਦੇ ਸਨ, ਭਾਵੇਂ ਮੇਰੇ ਨਾਇਬ ਸਨ ਪਰ ਜੇਕਰ ਜਮਾਤੀ ਲਾਭ ਵਿੱਚ ਇਹਨਾ ਨੇੜੇ ਕੋਈ

ਗੱਲ ਚੰਗੀ ਹੁੰਦੀ ਅਤੇ ਮੈਂ ਕੋਈ ਹੋਰ ਗੱਲ ਕਹੀ ਹੁੰਦੀ ਤਾਂ ਬਿਨਾ ਝਿਜ਼ਕਿਆਂ ਹੀ ਮੇਰੀ ਰਾਏ ਦੇ ਖ਼ਿਲਾਫ਼ ਮਸ਼ਵਰਾ ਦਿੰਦੇ ਅਤੇ ਕਹਿੰਦੇ ਕਿ ਇਹ ਇਸ ਪ੍ਰਕਾਰ ਹੋਵੇ ਤਾਂ ਬਹੁਤਾ ਚੰਗਾ ਹੈ ਅਤੇ ਇਹੋ ਖ਼ੂਬੀ ਹੈ ਜੋ ਹਰ ਜੀਵਨ ਵਕਫ਼ ਕਰਨ ਵਾਲੇ ਵਿੱਚ ਹੋਣੀ ਚਾਹੀਦੀ ਹੈ ਕਿ ਆਪਣੀ ਰਾਏ ਅਦਬ ਨੂੰ ਸੰਮੁੱਖ ਰਖੱਦਿਆਂ ਹੋਇਆਂ ਉਚਿਤ ਢੰਗ ਨਾਲ ਪੇਸ਼ ਕਰਨ । ਖ਼ਿਲਾਫ਼ਤ ਨਾਲ ਵਫ਼ਾ ਦਾ ਸੰਬੰਧ ਤਾਂ ਬਹੁਤ ਬੁਲੰਦ ਸੀ ਜਿਸ ਦਾ ਪ੍ਰਕਟਨ ਉਹਨਾ ਦੇ ਹਰ ਪਤੱਰ ਨਾਲ ਹੁੰਦਾ ਸੀ ਅਤੇ ਹਰ ਮੁਲਾਕਾਕ ਨਾਲ । ਅਲੱਾਹ ਤਆਲਾ ਉਹਨਾ ਨਾਲ ਮਿਹਰ ਤੇ ਬਖ਼ਸ਼ਿਸ਼ ਦਾ ਸੁਲੂਕ ਕਰੇ ਅਤੇ ਉਹਨਾ ਦੇ ਦਰਜੇ ਬੁਲੰਦ ਕਰੇ । ਉਹਨਾਂ ਦੀ ਪਤਨੀ ਅਤੇ ਬੱਚਿਆਂ ਨੂੰ ਸਬਰ ਤੇ ਧੀਰਜ ਪ੍ਰਦਾਨ ਕਰੇ ਅਤੇ ਉਹਨਾ ਦੀਆਂ ਨੇਕੀਆਂ ਜਾਰੀ ਰਖੱਣ ਦਾ ਉਹਨਾਂ ਨੂੰ ਸੰਜੋਗ ਪ੍ਰਦਾਨ ਕਰੇ ।

ਦੂਜਾ ਨਮਾਜ਼ ਜਨਾਜ਼ਾਹ ਮੁਕਰੱਮ ਪ੍ਰਫ਼ੈਸਰ ਮੁਨਵੱਰ ਸ਼ਮੀਮ ਖ਼ਾਲਿਦ ਸਪੁਤੱਰ ਸ਼ੇਖ਼ ਮਹਬੂਬ ਆਲਮ ਸਾਹਬ ਦਾ ਹੈ ਜਿੰਨ੍ਹਾ ਦਾ **16** ਫ਼ਰਵਰੀ **2020** ਈ. ਨੂੰ ਰਬਵਾਹ ਵਿੱਚ ਲਗਭੱਗ **81** ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਹੈ । اناللهوانااليهراجعون۔ । **1964** ਈ. ਵਿੱਚ ਇਹਨਾ ਦੇ ਨਿਕਾਹ ਸਮੇਂ ਹਜ਼ਰਤ ਖ਼ਲੀਫ਼ਤੁਲ ਮਸੀਹ ਸਾਲਸ ਨੇ ਫ਼ਰਮਾਇਆ ਸੀ ਕਿ ਪ੍ਰੋਫ਼ੈਸਰ ਮੁਨਵੱਰ ਸ਼ਮੀਮ ਖ਼ਾਲਿਦ ਜੋ ਮੇਰੇ ਡੂੰਘੇ ਮਿਤੱਰ ਪ੍ਰੋਫ਼ੈਸਰ ਮਹਬੂਬ ਆਲਮ ਸਾਹਬ ਦੇ ਪੁਤੱਰ ਹਨ, ਮੈਨੂੰ ਆਪਣੇ ਪੁਤੱਰ ਵਾਂਗ ਪਿਆਰੇ ਹਨ ।

ਮੁਨਵੱਰ ਸ਼ਮੀਮ ਖ਼ਾਲਿਦ ਸਾਹਬ ਅਸੰਖ ਖ਼ੂਬੀਆਂ ਦੇ ਮਾਲਕ ਸਨ, ਸਭ ਤੋਂ ਪਹਿਲੀ ਖ਼ੂਬੀ ਸਮੇਂ ਦੇ ਖ਼ਲੀਫ਼ਾ ਸਾਹਬ ਨਾਲ ਨਿਛਾਵਰ ਹੋਣ ਵਾਲਾ ਪ੍ਰੇਮ, ਆਸਥਾ ਤੇ ਆਗਿਆਕਾਰੀ ਸੀ । ਨਮਾਜ਼ ਦੇ ਪਾਬੰਦ ਤੇ ਤਹਜੁੱਦ ਪੜ੍ਹਨ ਵਾਲੇ ਸਨ । ਕਾਲਜ ਵਿੱਚ ਕੁਝ ਸਮਾਂ ਮੈਂ ਵੀ ਉਹਨਾ ਦਾ ਵਿਦਿਆਰਥੀ ਰਿਹਾ ਹਾਂ ਅਤੇ ਇਸ ਦੇ ਬਾਦ ਜੱਦ ਮੈਂ ਅਮੀਰ ਮੁਕਾਮੀ ਤੇ ਨਾਜ਼ਿਰ ਆਲਾ ਸੀ ਤਾਂ ਅਤਿਅੰਤ ਅਦਬ ਤੇ ਸਨਮਾਨ ਦਾ ਸੁਲੂਕ ਉਹਨਾ ਦੇ ਮੇਰੇ ਨਾਲ ਰੱਖਿਆ । ਕਦੇ ਵੀ ਇਹ ਪ੍ਰਭਾਵ ਨਹੀਂ ਦਿਤੱਾ ਕਿ ਤੁਸੀਂ ਮੇਰੇ ਵਿਦਿਆਰਥੀ ਰਹੇ ਹੋ । ਨਿਜ਼ਾਮੇ ਖ਼ਿਲਾਫ਼ਤ ਅਤੇ ਜਮਾਤੀ ਨਿਜ਼ਾਮ ਦੀ ਅਤਿਅੰਤ ਪਾਬੰਦੀ ਕਰਨ ਵਾਲੇ ਅਤੇ ਆਗਿਆਕਾਰੀ ਕਰਨ ਵਾਲੇ ਸਨ ਅਤੇ ਖ਼ਿਲਾਫ਼ਤ ਦੇ ਬਾਦ ਵੀ ਉਹਨਾ ਦੇ ਸੰਬੰਧ ਦਾ ਪ੍ਰਕਟਨ ਅਸਾਸਾਰਣ ਸੀ । ਰੱਬ ਉਹਨਾ ਨਾਲ ਬਖ਼ਸ਼ਿਸ਼ ਤੇ ਰਹਿਮ ਦਾ ਸੁਲੂਕ ਕਰੇ । ਆਪਣੇ ਪਿਆਰਿਆਂ ਦੇ ਕਦਮਾਂ ਹੇਠ ਅਸਥਾਨ ਪ੍ਰਦਾਨ ਕਰੇ । ਉਹਨਾ ਦੇ ਪਿੱਛੇ ਰਹਿ ਜਾਣ ਵਾਲਿਆਂ ਨੂੰ ਉਹਨਾਂ ਦੀਆਂ ਨੇਕੀਆਂ ਜਾਰੀ ਰਖੱਣ ਦੀ ਤੌਫ਼ੀਕ ਪ੍ਰਦਾਨ ਕਰੇ ।

**Khulasa Khutba Jumma 28.02.2020**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131